# ੪ ਬਿਹਾਰੀ ( ੀ )



ਤਿ+ਤ+ਲ+ੀ = ਤਿਤਲੀ




ਅ+ਲ+ਮਾ+ਰ+ੀ = ਅਲਮਾਰੀ




ਹਾ+ਥ+ੀ = ਹਾਥੀ




ਘ+ੜ+ੀ = ਘੜੀ



ਸ+ੀ+ਟ+ੀ = ਸੀਟੀ



ਕ+ੀ+ੜ+ੀ = ਕੀੜੀ

## ਪੜ੍ਹੋ, ਬੋਲੋ ਤੇ ਲਿਖੋ-

| | | | | |
|---|---|---|---|---|
| ਵੀਰ | ਖੀਰ | ਹੀਰਾ | ਦੀਵਾ | ਕਵੀ |
| ਰਵੀ | ਪਰੀ | ਜੀਭ | ਜੀਪ | ਪਾਣੀ |
| ਕਮੀਜ਼ | ਗ਼ਰੀਬ | ਫ਼ਕੀਰ | ਪਨੀਰ | ਸ਼ਹਿਰੀ |
| ਅਮਰੀਕਾ | ਨਮਕੀਨ | ਤਸਵੀਰ | ਹਲਵਾਈ | ਸਰਕਾਰੀ |

# ਨਾਨੀ ਆਈ

ਨਾਨੀ ਆਈ, ਨਾਨੀ ਆਈ।
ਨੀਰਜ ਦੀ ਜਦ ਨਾਨੀ ਆਈ।
ਨੀਰਜ ਲਈ ਕਮੀਜ਼ ਲਿਆਈ।
ਹਰਜੀਤ ਲਈ ਸੀਟੀ ਲਿਆਈ।
ਸਭ ਲਈ ਮਿਠਿਆਈ ਲਿਆਈ।
ਆਤਸ਼ਬਾਜ਼ੀ ਵੀ ਲਿਆਈ।
ਰਲ ਮਿਲ ਸਭ ਦੀਵਾਲੀ ਮਨਾਈ।
ਨਾਨੀ ਆਈ, ਨਾਨੀ ਆਈ।



## ਅਭਿਆਸ


1. ਹੇਠ ਦਿੱਤੀਆਂ ਤਸਵੀਰਾਂ ਨੂੰ ਪਛਾਣੋ ਅਤੇ ਉਨ੍ਹਾਂ ਦੇ ਨਾਂ ਲਿਖੋ-







..........ਦੀਵਾ.......... ..........ਲੜਕੀ.......... ..........ਹਲਵਾਈ..........

......ਦਰਜ਼ੀ.......... ......ਕਮੀਜ਼.......... ......ਨਾਸ਼ਪਾਤੀ..........

2. ਹੇਠ ਲਿਖੇ ਸ਼ਬਦਾਂ ਨਾਲ ਬਿਹਾਰੀ ਦੀ ਮਾਤਰਾ ( ੀ ) ਲਗਾ ਕੇ ਨਵੇਂ ਸ਼ਬਦ ਬਣਾਓ-

| | | | |
|---|---|---|---|
| ਨਰ - | ਨੀਰ | ਬਰਫ਼ - | ਬਰਫ਼ੀ |
| ਪਰ - | ਪੀਰ | ਵਰਗ - | ਵਰਗੀ |
| ਵਰ - | ਵੀਰ | ਕਮਲ - | ਕਮਲੀ |
| ਮਲ - | ਮੀਲ | ਸਰਦ - | ਸਰਦੀ |
| ਜਭ - | ਜੀਭ | ਧਰਮ - | ਧਰਮੀ |

3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ-

(ੳ) ਹਰਸ਼ੀਨ ...ਕੜਛੀ... ਫੜ। (ਕੜਛੀ, ਧਰਤੀ)

(ਅ) ਹਰੀ-ਹਰੀ ...ਸਬਜ਼ੀ... ਬਣਾ। (ਨਮਕੀਨ, ਸਬਜ਼ੀ)

(ੲ) ਸਬਜ਼ੀ ਦੀ ...ਤਰੀ... ਬਣਾ। (ਤਰੀ, ਚਟਨੀ)

(ਸ) ਵੀਰ ਲਈ ...ਖੀਰ... ਲਿਆ। (ਖੀਰ, ਪੀਰ)

(ਹ) ...ਜਲਦੀ... ਨਾਲ ਖਾਣਾ ਲਿਆ। (ਹਲਦੀ, ਜਲਦੀ)